# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ
# ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਬੌਧਿਕ ਸੰਪਤੀ ਦਾ ਵਿਭਾਗ

ਬੌਧਿਕ ਸੰਪਤੀ ਦਾ ਵਿਭਾਗ (Intellectual Property Department - IPD) ਬੌਧਿਕ ਸੰਪਤੀ ਦੇ ਅਧਿਕਾਰਾਂ ਦੇ ਸੰਬੰਧ ਵਿੱਚ ਉੱਚਤਮ ਅੰਤਰਰਾਸ਼ਟਰੀ ਮਾਪਦੰਡਾਂ ਦੇ ਨਾਲ ਉੱਚ-ਪੱਧਰੀ ਰਜਿਸਟ੍ਰੇਸ਼ਨ ਸੇਵਾਵਾਂ ਮੁਹੱਈਆ ਕਰਨ ਲਈ ਵਚਨਬੱਧ ਹੈ, ਤਾਂ ਜੋ ਹਾਂਗਕਾਂਗ, ਚੀਨ ਇੱਕ ਅਜਿਹਾ ਸਥਾਨ ਬਣਿਆ ਰਹੇ ਜਿੱਥੇ ਰਚਨਾਤਮਕਤਾ ਅਤੇ ਪ੍ਰਤਿਭਾ ਵੱਧ-ਫੁੱਲ ਸਕਦੀ ਹੈ। ਇੱਕ ਸਫਲ ਅਤੇ ਪ੍ਰਤਿਕਿਰਿਆਸ਼ੀਲ ਟ੍ਰੇਡਮਾਰਕ, ਪੇਟੈਂਟ ਅਤੇ ਡਿਜ਼ਾਈਨ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਬਣਾਈ ਰੱਖਣ ਲਈ, ਇਹ ਮਹੱਤਵਪੂਰਨ ਹੈ ਕਿ ਜਨਤਾ ਦੇ ਸਾਰੇ ਮੈਂਬਰਾਂ ਨੂੰ ਉਹਨਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਮੁਹੱਈਆ ਕੀਤੀਆਂ ਜਾਣ।

ਟ੍ਰੇਡਮਾਰਕਾਂ, ਪੇਟੈਂਟਾਂ ਅਤੇ ਡਿਜ਼ਾਈਨਾਂ ਦੇ ਰਜਿਸਟ੍ਰੇਸ਼ਨ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਅਰਜ਼ੀਆਂ ਵਿੱਚ ਉਹਨਾਂ ਦੀ ਸਹਾਇਤਾ ਲਈ ਹੇਠ ਦਿੱਤੇ ਉਪਾਅ ਕੀਤੇ ਗਏ ਹਨ:

ਮੌਜੂਦਾ ਉਪਾਅ

- ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦੀ ਵਰਤੋਂ ਸੰਬੰਧੀ ਇੱਕ ਨੋਟਿਸ ਪਬਲਿਕ ਸਰਵਿਸ ਕਾਊਂਟਰ 'ਤੇ ਲਗਾਇਆ ਗਿਆ ਹੈ।

- IPD ਟੈਲੀਫੋਨ 'ਤੇ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਰਾਹੀਂ ਆਮ ਪੁੱਛਗਿਛ ਵਿੱਚ ਉਹਨਾਂ ਬਿਨੈਕਾਰਾਂ ਦੀ ਸਹਾਇਤਾ ਕਰਦਾ ਹੈ ਜੋ ਚੀਨੀ ਜਾਂ ਅੰਗਰੇਜ਼ੀ ਨਹੀਂ ਬੋਲਦੇ ਹਨ। ਮੁਫ਼ਤ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦੀ ਉਪਲਬਧਤਾ ਬਾਰੇ ਪਰਚੇ ਵੀ ਬਿਨੈਕਾਰਾਂ ਨੂੰ ਵੰਡੇ ਜਾਂਦੇ ਹਨ।

- ਇਹਨਾਂ ਉਪਾਵਾਂ ਦੀ ਇੱਕ ਕਾਪੀ IPD ਦੀ ਵੈੱਬਸਾਈਟ 'ਤੇ ਪੋਸਟ ਕੀਤੀ ਗਈ ਹੈ। ਸਰਕਾਰ ਦੀ ਵੈੱਬਸਾਈਟ ਦਾ ਹਾਈਪਰਲਿੰਕ ਸਥਾਪਤ ਕੀਤੀ ਗਈ ਹੈ ਤਾਂ ਜੋ ਵੱਖ-ਵੱਖ ਨਸਲਾਂ ਦੇ ਲੋਕ ਸਰਕਾਰੀ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਸਕਣ।

- ਜਦੋਂ ਰਜਿਸਟਰਾਰ ਦੇ ਸਾਹਮਣੇ ਸੁਣਵਾਈ ਵਿੱਚ ਕੋਈ ਧਿਰ ਕਾਰਵਾਈ ਦੀ ਭਾਸ਼ਾ (ਭਾਵ ਚੀਨੀ ਜਾਂ ਅੰਗਰੇਜ਼ੀ) ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਪ੍ਰਸਤੁਤੀ ਜਾਂ ਗਵਾਹੀ ਦੇਣਾ ਚਾਹੁੰਦੀ ਹੈ, ਤਾਂ ਰਜਿਸਟਰਾਰ ਨੂੰ ਅਧਿਕਾਰ

ਹੈ ਕਿ ਉਹ ਅਜਿਹੀ ਕਾਰਵਾਈ ਕਰਨ ਦੀ ਆਗਿਆ ਦੇਵੇ ਅਤੇ ਅਜਿਹੀਆਂ ਸ਼ਰਤਾਂ 'ਤੇ ਦੁਭਾਸ਼ੀਆ ਸੇਵਾ ਦਾ ਪ੍ਰਬੰਧ ਕਰਨ ਲਈ ਦਿਸ਼ਾ-ਨਿਰਦੇਸ਼ ਦੇਵੇ ਜੋ ਉਸ ਨੂੰ ਢੁਕਵੇਂ ਲੱਗਣ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • IPD ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦੇ ਨਿਰੰਤਰ ਸੁਧਾਰ ਲਈ ਵੱਖ-ਵੱਖ ਨਸਲਾਂ ਦੇ ਬਿਨੈਕਾਰਾਂ ਤੋਂ ਪ੍ਰਾਪਤ ਹੋਈ ਫੀਡਬੈਕ ਅਤੇ ਸੁਝਾਅ ਨੂੰ ਇਕੱਤਰ ਕਰੇਗਾ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰੇਗਾ।<br><br>• IPD ਸਮੇਂ-ਸਮੇਂ 'ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ, ਇਸ ਉਦੇਸ਼ ਦੇ ਨਾਲ ਕਿ ਇਸ ਦੀਆਂ ਜਨਤਕ ਸੇਵਾਵਾਂ ਦੀ ਵਰਤੋਂ ਕਰਨ ਵਿੱਚ ਵੱਖ-ਵੱਖ ਨਸਲ ਦੇ ਬਿਨੈਕਾਰਾਂ ਦੀ ਸਹਾਇਤਾ ਕੀਤੀ ਜਾਵੇ। |
| ਕੀਤੇ ਜਾਣ ਵਾਲੇ ਵਾਧੂ ਉਪਾਅ | • ਨਸਲੀ ਵਿਤਕਰੇ ਬਾਰੇ ਆਰਡੀਨੈਂਸ (RDO) (ਕੈਪ. 602) ਬਾਰੇ IPD ਸਟਾਫ਼ ਦੀ ਸੂਝ ਅਤੇ ਜਾਗਰੂਕਤਾ ਨੂੰ ਵਧਾਉਣ ਲਈ, ਬਰਾਬਰ ਮੌਕਿਆਂ ਬਾਰੇ ਕਮਿਸ਼ਨ ("EOC") ਨਾਲ RDO ਦੇ ਸਿਧਾਂਤਾਂ 'ਤੇ ਸੈਮੀਨਾਰ ਜਾਂ ਗੱਲਬਾਤ ਦਾ ਪ੍ਰਬੰਧ ਕੀਤਾ ਜਾਵੇਗਾ। EOC ਦੇ ਸਿਖਲਾਈ ਪੈਕੇਜ ਨੂੰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ IPD ਦੇ ਸਾਰੇ ਸਟਾਫ ਨੂੰ<br><br>• IPD ਵੱਲੋਂ ਲਈ RDO 'ਤੇ ਨਵੇਂ ਭਰਤੀ ਹੋਏ ਵਿਅਕਤੀਆਂ ਲਈ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰਨਾ ਜਾਰੀ ਰੱਖਿਆ ਜਾਵੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਉਪਾਵਾਂ ਬਾਰੇ ਪੁੱਛ-ਗਿਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ Mr Anakin KWOK, ਕਾਰਜਕਾਰੀ ਅਫਸਰ (ਆਮ) ਨਾਲ ਸੰਪਰਕ ਕਰੋ –

| | | |
|---|---|---|
| ਟੈਲੀਫੋਨ: | : | 2961 6899 |
| ਫ਼ੈਕਸ ਨੰਬਰ | : | 2574 9102 |
| ਈਮੇਲ | : | enquiry@ipd.gov.hk |
| ਡਾਕ ਪਤਾ | : | 25/F, Wu Chung House, 213 Queen's Road East, Wanchai, Hong Kong |

**ਬੌਧਿਕ ਸੰਪਤੀ ਦਾ ਵਿਭਾਗ**

**ਜੁਲਾਈ 2023**